## ਸਾਧੂ ਦੀ ਸੰਗਤਿ ਅਤਿ ਜ਼ਰੂਰੀ :

ਢੂੰਢਤ ਡੋਲਹਿ ਅੰਧ ਗਤਿ ਅਰੁ
ਚੀਨਤ ਨਾਹੀ ਸੰਤ ॥

ਕਹਿ ਨਾਮਾ ਕਿਉ ਪਾਈਐ ਬਿਨੁ
ਭਗਤਹੁ ਭਗਵੰਤੁ ॥੨੪੧॥

ਕੁਝ ਮਨੁਖ ਪ੍ਰਭੂ ਨੂੰ ਖੋਜਣ ਦਾ ਪ੍ਰਯਾਸ ਕਰਦੇ ਹਨ, ਪਰ ਨਿਰੇ ਅੰਨ੍ਹਿਆਂ ਵਾਂਙ ਸਿਰਫ਼ ਟਟੋਲੇ ਹੀ ਮਾਰਦੇ ਹਨ, ਕਿਉਂਕਿ ਉਹ ਸੰਤ ਜਨਾਂ ਦੀ ਵਡਿਆਈ ਨੂੰ ਨਹੀਂ ਪਛਾਣਦੇ। (ਕਿਉਂਕਿ ਵਾਹਿਗੁਰੂ ਤਾਂ ਭਗਤਾਂ ਦੇ ਹਿਰਦੇ ਵਿਚ ਹੀ ਤਾਂ ਨਿਵਾਸ ਕਰਦਾ ਹੈ – 'ਭਗਤ ਜਨਾ ਕੈ ਮਨਿ ਬਿਸ੍ਰਾਮ।।' ਅਤੇ ਭਗਤ ਵਾਹਿਗੁਰੂ ਦੇ ਹਿਰਦੇ ਵਿਚ ਵਸਦਾ ਹੈ – 'ਏਕੁ ਭਗਤੁ ਮੇਰੇ ਹਿਰਦੇ ਬਸੈ... ।।' ਇਸ ਲਈ ਉਨ੍ਹਾਂ ਦੇ ਹਿਰਦੇ ਅੰਦਰ ਸਮਾਉਣ ਦੀ ਲੋੜ ਹੈ। )
ਇਸ ਸਲੋਕ ਵਿਚ ਭਗਤ ਕਬੀਰ ਸਾਹਿਬ ਦਸਦੇ ਨੇ ਕਿ ਭਗਤ ਨਾਮਦੇਵ ਜੀ ਦਾ ਫ਼ੁਰਮਾਨ ਹੈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਭਗਤ ਜਨਾਂ ਦੀ ਸੰਗਤ ਅਤੇ ਕਿਰਪਾ ਤੋਂ ਬਿਨ੍ਹਾਂ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਵੇ !! ਭਾਵ ਅਜਿਹਾ ਨਹੀਂ ਹੋ ਸਕਦਾ।੨੪੧।

Last modified: 27 Dec 2019